ਜਗ ਬਾਣੀ

Mon, 13 June 2022

# ਸਿੱਖਿਆ ਤੇ ਸਮਾਜ-ਸੇਵਾ ਦੇ ਪ੍ਰਤੀਕ ਹਨ ਡਾ. ਮੋਹਨ ਲਾਲ ਸ਼ਰਮਾ



ਪਟਿਆਲਾ, 12 ਜੂਨ (ਰਾਜੇਸ਼ ਪੰਜੌਲਾ)- ਡੀ. ਏ. ਵੀ. ਸਕੂਲ ਸਮਾਣਾ ਦੇ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਸਿੱਖਿਆ ਤੇ ਸਮਾਜ-ਸੇਵਾ ਦੇ ਪ੍ਰਤੀਕ ਬਣ ਕੇ ਉਭਰੇ ਹਨ। ਡਾ. ਮੋਹਨ ਲਾਲ ਸ਼ਰਮਾ ਇਕ ਗਿਆਨਵਾਨ, ਮਨੋਵਿਗਿਆਨੀ, ਇਕ ਚੰਗੇ ਸਮਾਜ-ਸੇਵਕ ਅਤੇ ਸਿੱਖਿਆ ਸ਼ਾਸਤਰੀ ਵਰਗੇ ਗੁਣਾਂ ਨਾਲ ਭਰਪੂਰ ਹਨ। ਉਹ ਆਪਣੇ ਆਪ 'ਚ ਇਕ ਸੰਪੂਰਨ ਪਰਸਨੈਲਿਟੀ ਹਨ। ਇਕ ਸੰਸਥਾਪਕ ਦੇ ਰੂਪ 'ਚ ਡਾ. ਮੋਹਨ ਲਾਲ ਸ਼ਰਮਾ ਨੇ ਆਪਣੀ ਕੁਸ਼ਲ ਅਗਵਾਈ ਹੇਠ ਸੰਨ 1994 ਵਿਚ ਪੇਂਡੂ ਬੱਚਿਆਂ ਨੂੰ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਲਈ ਪਿੰਡ ਕਕਰਾਲਾ 'ਚ ਛੋਟੀ ਜਿਹੀ ਧਰਮਸ਼ਾਲਾ 'ਚ ਡੀ. ਏ. ਵੀ. ਸਕੂਲ ਦੀ ਸ਼ੁਰੂਆਤ ਕੀਤੀ ਅਤੇ ਉਸ ਨੂੰ ਸੀ. ਬੀ. ਐੱਸ. ਈ. ਰਾਹੀਂ ਮਾਨਤਾ ਵੀ ਦਵਾਈ।

ਇਸੇ ਤਰ੍ਹਾਂ ਸੰਨ 1995 'ਚ ਇਕ ਹੋਰ ਪੱਛੜੇ ਪਿੰਡ ਕੁਲਾਰਾਂ 'ਚ ਵੀ ਡੀ. ਏ. ਵੀ. ਸਕੂਲ ਦੀ ਸਥਾਪਨਾ ਕਰ ਕੇ ਉਥੇ ਦੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਸੰਨ 2001 'ਚ ਜ਼ਿਲਾ ਪਟਿਆਲਾ ਦੇ ਬਾਦਸ਼ਾਹਪੁਰ ਪਿੰਡ 'ਚ ਸਥਾਨਕ ਲੋਕਾਂ ਦੇ ਸਹਿਯੋਗ ਨਾਲ ਡੀ. ਏ. ਵੀ. ਸਕੂਲ ਦੀ ਸਥਾਪਨਾ ਕੀਤੀ। ਇਸੇ ਤਰ੍ਹਾਂ ਸੰਨ 2009 'ਚ ਪ੍ਰਧਾਨ ਪੂਨਮ ਪੁਰੀ ਅਤੇ ਐੱਚ. ਆਰ. ਗੰਧਾਰ ਜੀ ਦੇ ਸਹਿਯੋਗ ਨਾਲ ਸਮਾਣਾ 'ਚ ਢਾਈ ਏਕੜ ਜ਼ਮੀਨ ਖਰੀਦ ਦੇ ਗਲੋਬਲ ਡੀ. ਏ. ਵੀ. ਸਕੂਲ (ਚੱਕ ਅੰਮ੍ਰਿਤਸਰੀਆ ਪਾਤੜਾਂ ਰੋਡ) ਦਾ ਨਿਰਮਾਣ ਕੀਤਾ।

ਉਸ ਤੋਂ ਬਾਅਦ ਦ੍ਰਿੜ ਸੰਕਲਪ ਨਾਲ ਡਾ. ਸ਼ਰਮਾ ਨੇ ਸੰਨ 2012 ਵਿਚ ਡੀ. ਏ. ਵੀ. ਪਬਲਿਕ ਸਕੂਲ ਪੱਖੋਵਾਲ ਰੋਡ ਸਰਾਭਾ ਨਗਰ ਐਕਸਟੈਂਸ਼ਨ, ਲੁਧਿਆਣਾ 'ਚ ਕਾਰਜ਼ਰਤ ਹੋਏ ਅਤੇ ਸਿੱਖਿਆ ਦੇ ਖੇਤਰ 'ਚ ਆਪਣੀ ਵਿਲੱਖਣ ਪ੍ਰਤਿਭਾ ਦਿਖਾਉਂਦੇ ਹੋਏ ਤਿੰਨ ਸਾਲ ਉਥੇ ਬਿਤਾਇਆ। ਸੰਨ 2016 'ਚ ਮੁੜ ਡੀ. ਏ. ਵੀ. ਸਕੂਲ ਸਮਾਣਾ ਨੂੰ ਅਜਿਹੇ ਪ੍ਰਤਿਭਾਸ਼ਾਲੀ ਪ੍ਰਿੰਸੀਪਲ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਹੁਣ ਡੀ. ਏ. ਵੀ. ਸਕੂਲ ਸਮਾਣਾ 'ਚ ਪ੍ਰਿੰਸੀਪਲ ਦੇ ਅਹੁਦੇ 'ਤੇ ਬਿਰਾਜਮਾਨ ਹੋ ਕੇ ਸਕੂਲ ਨੂੰ ਤਰੱਕੀ ਦੇ ਸਿਖਰ ਤੱਕ ਪਹੁੰਚਾਉਣ 'ਚ ਡਾ. ਸ਼ਰਮਾ ਦੇ ਯਤਨਾਂ ਬਦੌਲਤ ਕੁਝ ਅਜਿਹੇ ਇਤਿਹਾਸਕ ਬਦਲਾਅ ਹੋਏ, ਜਿਨ੍ਹਾਂ ਨੇ ਇਨ੍ਹਾਂ ਨੂੰ ਸਮਾਜ 'ਚ ਮੋਹਰੀ ਬਣਾ ਦਿੱਤਾ।

ਡਾ. ਸ਼ਰਮਾ ਜੋ ਕਿ ਆਰਿਆ ਪ੍ਰਾਦੇਸ਼ਿਕ ਸਭਾ ਦੀ ਨੁਮਾਇੰਦਗੀ ਕਰਦੇ ਆਏ ਇਸ ਸਭਾ ਦੇ ਸਫਲ ਨਿਰਦੇਸ਼ਨ 'ਚ ਸਮੇਂ-ਸਮੇਂ 'ਤੇ ਚੇਤਨਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਚੇਤਨਾ ਯਾਤਰਾ ਦਾ ਮੁੱਖ ਮੰਤਵ ਸਮਾਜ 'ਚ ਫੈਲੀਆਂ ਬੁਰਾਈਆਂ ਜਿਵੇਂ ਭਰੂਣ ਹੱਤਿਆ, ਜਾਤ-ਪਾਤ, ਬਾਲ ਮਜ਼ਦੂਰੀ, ਐਂਟੀ ਡਰੱਗਜ਼ (ਨਸ਼ਿਆਂ ਦੇ ਖਿਲਾਫ), ਏਡਸ ਅਤੇ ਵਾਤਾਵਰਣ ਪ੍ਰਦੂਸ਼ਣ ਆਦਿ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਰਿਹਾ ਹੈ। ਇਸ ਤੋਂ ਇਲਾਵਾ ਡਾ. ਸ਼ਰਮਾ ਨੇ ਗਰੀਬ ਬੱਚਿਆਂ ਨੂੰ ਗੋਦ ਲੈ ਕੇ ਉਨ੍ਹਾਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰਵਾਉਣ ਦੇ ਹਰ ਸੰਭਵ ਯਤਨ ਕੀਤੇ। ਸਭ ਤੋਂ ਮਹੱਤਵਪੂਰਨ ਕੰਮ ਡੀ. ਏ. ਵੀ. ਸਕੂਲ ਸਮਾਣਾ ਨੂੰ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਤੋਂ ਮਾਨਤਾ ਦਵਾਈ ਤਾਂ ਕਿ ਆਸ-ਪਾਸ ਦੇ ਖੇਤਰਾਂ ਦੇ ਬੱਚਿਆਂ ਨੂੰ 11ਵੀਂ ਅਤੇ 12ਵੀਂ ਦੀ ਸਿੱਖਿਆ ਲਈ ਕਿਸੇ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਏ।

ਸਮੇਂ-ਸਮੇਂ 'ਤੇ ਡਾ. ਮੋਹਨ ਸ਼ਰਮਾ ਨੂੰ ਉਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁਕਾ ਹੈ, ਜਿਨ੍ਹਾਂ 'ਚ ਮੁੱਖ ਹੈ ਗਲੋਰੀ ਆਫ ਇੰਡੀਅਨ ਇੰਸਟੀਚਿਊਟ ਐਵਾਰਡ, ਬੈਸਟ ਸਿਟੀਜ਼ਨ ਆਫ ਇੰਡੀਆ ਐਵਾਰਡ 2003, ਆਊਟਸਟੈਂਡਿੰਗ ਐਜੂਕੇਸ਼ਨਲਿਸਟ ਐਵਾਰਡ ਅਤੇ ਭਾਰਤ ਜੋਤੀ ਐਵਾਰਡ ਇੰਟਰਨੈਸ਼ਨਲ ਪਬਲੀਸ਼ਿੰਗ ਹਾਊਸ ਨਵੀਂ ਦਿੱਲੀ ਵੱਲੋਂ ਪ੍ਰਦਾਨ ਕੀਤੇ ਗਏ। ਅਧਿਆਪਕ ਦਿਵਸ ਮੌਕੇ ਇਨ੍ਹਾਂ ਦੀ ਲਗਨ ਅਤੇ ਈਮਾਨਦਾਰੀ ਨੂੰ ਦੇਖ ਕੇ ਅਤੇ ਸਿੱਖਿਆ ਦੇ ਖੇਤਰ 'ਚ ਇਨ੍ਹਾਂ ਦੇ ਯੋਗਦਾਨ ਨੂੰ ਮੱਦੇਨਜ਼ਰ ਰੱਖਦੇ ਹੋਏ ਇਨ੍ਹਾਂ ਨੂੰ ਮਹਾਰਾਣੀ ਪ੍ਰਨੀਤ ਕੌਰ ਵਲੋਂ ਸਨਮਾਨਿਤ ਕੀਤਾ ਗਿਆ ਜੋ ਕਿ ਆਪਣੇ ਆਪ 'ਚ ਇਕ ਵਿਸ਼ੇਸ਼ ਪ੍ਰਾਪਤੀ ਹੈ।

ਇੰਨਾ ਹੀ ਨਹੀਂ ਜਦੋਂ ਕਦੀ ਵੀ ਸਾਡੇ ਦੇਸ਼ 'ਚ ਕੋਈ ਆਫਤ ਆਈ, ਉਥੇ ਵੀ ਡਾ. ਸ਼ਰਮਾ ਨੇ ਹਰ ਸੰਭਵ ਸਹਿਯੋਗ ਦਿੱਤਾ ਹੈ। ਇਥੇ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਜੇਕਰ ਅਸੀਂ ਡਾ. ਸ਼ਰਮਾ ਨੂੰ ਸਮਾਜ ਸੁਧਾਰਕ ਦਾ ਰੂਪ ਮੰਨੀਏ ਤਾਂ ਇਸ 'ਚ ਕੋਈ ਹੈਰਾਨੀ ਨਹੀਂ ਹੋਵੇਗੀ।